# ਪ੍ਰਾਜੈਕਟ ਦੇ ਫ਼ਾਇਦੇ

## ਸੰ ਖੇ ਪ ਜਾ ਣ ਕਾ ਰੀ



## ਟਰਾਂਸ ਮਾਊਂਟੇਨ ਐਕਸਪੈਨਸ਼ਨ ਪ੍ਰਾਜੈਕਟ



**ਟਰਾਂਸ ਮਾਊਂਟੇਨ ਸਟਰੈਥਕੋਨਾ ਕਾਊਂਟੀ, ਐਲਬਰਟਾ ਅਤੇ ਬਰਨਬੀ, ਬੀ ਸੀ ਵਿਚਕਾਰ ਆਪਣੀ ਮੌਜੂਦਾ 1,150-ਕਿਲੋਮੀਟਰ ਲੰਬੀ ਪਾਈਪਲਾਈਨ ਦਾ ਵਿਸਤਾਰ ਕਰ ਰਿਹਾ ਹੈ। ਇਸ ਵਿਸਤਾਰ ਰਾਹੀਂ ਇੱਕ ਦੂਹਰੀ ਪਾਈਪਲਾਈਨ ਬਣੇਗੀ ਜਿਸ ਨਾਲ ਇਸ ਪਰਣਾਲੀ ਦੀ 300,000 ਬੈਰਲ ਪ੍ਰਤੀ ਦਿਨ ਦੀ ਨਗੂਣੀ ਸਮਰੱਥਾ ਵਧ ਕੇ 890,000 ਬੈਰਲ ਪ੍ਰਤੀ ਦਿਨ ਹੋ ਜਾਵੇਗੀ।**

ਨਵੰਬਰ 29, 2016 ਨੂੰ ਕੈਨੇਡਾ ਦੀ ਸਰਕਾਰ ਨੇ 157 ਸ਼ਰਤਾਂ ਨਾਲ ਟਰਾਂਸ ਮਾਊਂਟੇਨ ਐਕਸਪੈਨਸ਼ਨ ਪ੍ਰਾਜੈਕਟ ਉੱਪਰ ਕਾਰਵਈ ਕਰਨ ਦੀ ਮਨਜ਼ੂਰੀ ਦੇ ਦਿੱਤੀ ਸੀ। ਇਸ ਵਿਸਤਾਰ ਨਾਲ ਲਗਭਗ 980 ਕਿ ਮੀ ਹੋਰ ਨਵੀਂ ਪਾਈਪਲਾਈਨ ਬਣਾਈ ਜਾਵੇਗੀ ਅਤੇ 193 ਕਿ ਮੀ ਪਹਿਲਾਂ ਹੀ ਮੌਜੂਦ ਪਾਈਪਲਾਈਨ ਨੂੰ ਮੁੜ ਚਾਲੂ ਕੀਤਾ ਜਾਵੇਗਾ। ਵਿਸਤਾਰ ਕੀਤੀ ਜਾਣ ਵਾਲੀ ਪਾਈਪਲਾਈਨ ਵਾਸਤੇ ਸਹਾਈ ਹੋਣ ਲਈ ਇਸ ਵਿੱਚ12 ਨਵੇਂ ਪੰਪ ਸਟੇਸ਼ਨ ਸ਼ਾਮਲ ਹੋਣਗੇ, ਪਹਿਲਾਂ ਤੋਂ ਮੌਜੂਦ ਸਟੋਰੇਜ ਟਰਮੀਨਲਾਂ ਵਿੱਚ 19 ਨਵੀਆਂ ਟੈਂਕੀਆਂ ਅਤੇ ਵੈਸਟਰਿੱਜ ਮਰੀਨ ਟਰਮੀਨਲ ਵਿੱਚ ਤਿੰਨ ਨਵੀਆਂ ਬਰਥਾਂ ਸ਼ਾਮਲ ਕੀਤੀਆਂ ਜਾਣਗੀਆਂ।

ਇਸ ਵਿਸਤਾਰ ਦਾ ਰਸਤਾ ਜਿੱਥੋਂ ਤੀਕ ਸੰਭਵ ਹੋਵੇਗਾ ਪਹਿਲਾਂ ਹੀ ਮੌਜੂਦ ਟਰਾਂਸ ਮਾਊਂਟੇਨ ਪਾਈਪਲਾਈਨ ਦੇ ਨਾਲ਼-ਨਾਲ਼ ਹੋਵੇਗਾ – ਵਾਤਾਵਰਨ ਅਤੇ ਕਮਿਊਨਿਟੀ ‘ਤੇ ਪ੍ਰਭਾਵਾਂ ਨੂੰ ਘੱਟ ਤੋਂ ਘੱਟ ਰੱਖਣ ਲਈ 89 ਪ੍ਰਤੀਸ਼ਤ ਨਵੀਂ ਪਾਈਪਲਾਈਨ ਪਹਿਲਾਂ ਹੀ ਮੌਜੂਦ ਪਾਈਪਲਾਈਨ ਪਰਣਾਲੀ ਜਾਂ ਵਿਛਾਏ ਗਏ ਢਾਂਚੇ ਦੇ ਸਮਾਨਾਂਤਰ ਹੋਵੇਗੀ।


## ਆਰਥਿਕ ਫ਼ਾਇਦੇ

**ਟਰਾਂਸ ਮਾਊਂਟੇਨ ਪਾਈਪਲਾਈਨ ਨੂੰ ਦੂਹਰੀ ਕਰਨ ਨਾਲ ਕੈਨੇਡੀਅਨ ਤੇਲ ਦੀ ਪਹੁੰਚ ਦੁਨੀਆਂ ਦੀਆਂ ਉਹਨਾਂ ਮੰਡੀਆਂ ਤੀਕ ਹੋ ਜਾਵੇਗੀ ਜਿੱਥੇ ਤੇਲ ਦੀ ਵੱਧ ਕੀਮਤ ਦਿੱਤੀ ਜਾਂਦੀ ਹੈ, ਨਤੀਜੇ ਵਜੋਂ ਇਸ ਨਾਲ ਕੈਨੇਡਾ ਨੂੰ ਟੈਕਸ ਦੀ ਵੱਧ ਆਮਦਨੀ ਹੋਵੇਗੀ।**

**ਇਸ ਵਾਧੇ ਨਾਲ਼ ਉਤਪਾਦਕ $73.5 ਬਿਲੀਅਨ ਵਧੇਰੇ ਆਮਦਨੀ ਕਮਾਉਣ ਦੇ ਯੋਗ ਹੋ ਜਾਣਗੇ।**

$7.4* ਬਿਲੀਅਨ ਦੇ ਵਿਸਤਾਰ ਦੇ ਨਤੀਜੇ ਵਜੋਂ ਕੈਨੇਡਾ ਅਤੇ ਪਾਈਪਲਾਈਨ ਦੇ ਲਾਂਘੇ ਦੇ ਨੇੜੇ ਦੀਆਂ ਕਮਿਊਨਿਟੀਆਂ ਨੂੰ ਸਿੱਧਾ ਅਤੇ ਚਿਰਸਥਾਈ ਫ਼ਾਇਦਾ ਹੋਵੇਗਾ। ਕਾਨਫ਼ਰੰਸ ਬੋਰਡ ਆਫ਼ ਕੈਨੇਡਾ ਦੇ ਅਨਉਦਾਰਚਿਤ ਅੰਦਾਜ਼ੇ ਅਨੁਸਾਰ ਪ੍ਰਾਜੈਕਟ ਦੇ ਵਿਕਸਤ ਹੋਣ ਦੌਰਾਨ ਅਤੇ ਇਸਦੇ ਚਾਲੂ ਹੋ ਜਾਣ ਦੇ ਪਹਿਲੇ 20 ਸਾਲਾਂ ਵਿੱਚ ਟੈਕਸਾਂ ਅਤੇ ਰਾਇਲਟੀਆਂ ਦੇ ਰੂਪ ਵਿੱਚ $46.7 ਬਿਲੀਅਨ ਸਰਕਾਰ ਦੇ ਖ਼ਜਾਨਿਆਂ ਵਿੱਚ ਜਮ੍ਹਾਂ ਹੋਵੇਗਾ। ਇਸ ਨਾਲ ਅੰਦਾਜ਼ਨ $23.2 ਮਿਲੀਅਨ ਸਾਲਾਨਾ ਵਧੇਰੇ ਪ੍ਰਾਪਰਟੀ ਟੈਕਸ ਬੀ ਸੀ ਵਿੱਚ ਅਤੇ $3.4 ਮਿਲੀਅਨ ਸਾਲਾਨਾ ਵਧੇਰੇ ਪ੍ਰਾਪਰਟੀ ਟੈਕਸ ਅਲਬਰਟਾ ਵਿੱਚ ਵੀ ਉਤਪੰਨ ਹੋਵੇਗਾ, ਜੋ ਕਿ ਚਾਲੂ ਰਾਸ਼ੀ ਨਾਲੋਂ ਦੁਗਣੇ ਤੋਂ ਵੀ ਵੱਧ ਹੈ।

ਸਮੁੱਚੇ ਤੌਰ ‘ਤੇ, ਪ੍ਰਾਜੈਕਟ ਦੇ ਵਿਕਸਤ ਹੋਣ, ਚਾਲੂ ਹੋਣ (ਕਾਰੋਬਾਰ ਕਰਨ) ਅਤੇ ਤੇਲ ਦੀ ਕੀਮਤ ਅਤੇ ਇਸ ਤੋਂ ਬਣਾਏ ਪਦਾਰਥਾਂ ਦੀ ਕੀਮਤ ਵਿੱਚਲੇ ਉੱਚੇ ਫ਼ਰਕ ਕਾਰਨ 800,000 ਤੋਂ ਵੱਧ ਸਿੱਧੇ, ਅਸਿੱਧੇ ਅਤੇ ਇਸ ਤੋਂ ਪ੍ਰਭਾਵਤ ਕੰਮ ਉਤਪੰਨ ਹੋਣਗੇ। ਨਿਰਮਾਣ ਦੌਰਾਨ ਪਾਈਪਲਾਈਨ ਦੇ ਨੇੜੇ ਵਾਲੀਆਂ ਕਮਿਊਨਿਟੀਆਂ ਵਿੱਚ ਕਨਸਟਰਕਸ਼ਨ ਵਰਕਰ ਰਿਹਾਇਸ਼, ਭੋਜਨ ਅਤੇ ਨਿੱਜੀ ਵਸਤਾਂ ਉੱਪਰ $479.6 ਮਿਲੀਅਨ ਖ਼ਰਚ ਕਰਨਗੇ ($381.7 ਮਿਲੀਅਨ ਬੀ ਸੀ ਵਿੱਚ ਅਤੇ $97.9 ਮਿਲੀਅਨ ਅਲਬਰਟਾ ਵਿੱਚ)।




* ਪ੍ਰਾਜੈਕਟ ਦੀ ਅਸਲ ਲਾਗਤ ਬਦਲ ਸਕਦੀ ਹੈ





# ਕਮਿਊਨਿਟੀ ਨੂੰ ਫ਼ਾਇਦੇ

**ਟਰਾਂਸ ਮਾਊਂਟੇਨ ਪਾਈਪਲਾਈਨ ਦੇ ਨਿਰਮਾਣ ਨਾਲ ਪ੍ਰਭਾਵਤ ਹੋਣ ਵਾਲੀਆਂ ਸਥਾਨਕ ਕਮਿਊਨਿਟੀਆਂ ਨੂੰ ਵਾਸਤਵਿਕ ਫ਼ਾਇਦੇ ਮੁਹੱਈਆ ਕਰਨ ਲਈ ਵਚਨਬੱਧ ਹੈ।**

ਦਸੰਬਰ 15, 2016 ਤੀਕ ਅਸੀਂ ਪਾਈਪਲਾਈਨ ਦੇ ਲਾਂਘੇ ਦੇ ਨਾਲ਼ ਨਾਲ਼ ਦੀਆਂ 95 ਪ੍ਰਤੀਸ਼ਤ ਕਮਿਊਨਿਟੀਆਂ ਨਾਲ ਕਮਿਊਨਿਟੀ ਨੂੰ ਫ਼ਾਇਦੇ ਸੰਬੰਧੀ ਕੁੱਲ ਮਿਲਾ ਕੇ $8.47 ਮਿਲੀਅਨ ਦੇ ਸਮਝੌਤਿਆਂ ਉੱਪਰ ਦਸਤਖ਼ਤ ਕਰ ਚੁੱਕੇ ਹਾਂ। ਇਹ ਨਿਵੇਸ਼ ਸਥਾਨਕ ਐਮਰਜੈਂਸੀ ਪ੍ਰਬੰਧਨ ਵਿੱਚ ਸੁਧਾਰ ਤੋਂ ਲੈ ਕੇ ਪਗਡੰਡੀਆਂ ਅਤੇ ਪਾਰਕਾਂ ਦੇ ਵਾਧੇ, ਬੁਨਿਆਦੀ ਢਾਂਚੇ ਵਿੱਚ ਸੁਧਾਰ ਜਾਂ ਸਥਾਨਕ ਵਿੱਦਿਅਕ ਅਤੇ ਸਿਖਲਾਈ ਪ੍ਰੋਗਰਾਮਾਂ ਜਿਹੇ ਹਰ ਕੰਮ ਨੂੰ ਫੰਡ ਦੇਣ ਵਿੱਚ ਮਦਦ ਕਰਨਗੇ।

ਟਰਾਂਸ ਮਾਊਂਟੇਨ ਨੇ ਆਦਿਵਾਸੀ ਭਾਈਚਰਿਆਂ ਨਾਲ ਪਰਸਪਰ ਫ਼ਾਇਦਿਆਂ ਸੰਬੰਧੀ 51 ਸਮਝੌਤਿਆਂ ਉੱਪਰ ਦਸਤਖ਼ਤ ਕਰ ਲਏ ਹਨ ਜਿਸ ਨਾਲ ਉਹਨਾਂ ਭਾਈਚਾਰਿਆਂ ਵਿੱਚ ਟਰਾਂਸ ਮਾਉਂਟੇਨ ਦਾ ਹਿੱਸਾ $400 ਮਿਲੀਅਨ ਤੋਂ ਵੱਧ ਹੋ ਜਾਵੇਗਾ। ਇਹਨਾਂ ਸਮਝੌਤਿਆਂ (10 ਅਲਬਰਟਾ ਵਿੱਚ ਅਤੇ 41 ਬੀ ਸੀ ਵਿੱਚ) ਵਿੱਚ ਉਹ ਸਾਰੇ ਫ਼ਸਟ ਨੇਸ਼ਨ ਜਿਹਨਾਂ ਦੇ ਰਿਜ਼ਰਵਾਂ ਵਿੱਚ ਦੀ ਇਹ ਪ੍ਰਾਜੈਕਟ ਲੰਘੇਗਾ ਅਤੇ ਲਗਭਗ 80 ਪ੍ਰਤੀਸ਼ਤ ਉਹ ਭਾਈਚਾਰੇ ਸ਼ਾਮਲ ਹਨ ਜਿਹੜੇ ਪਾਈਪ ਲਾਈਨ ਦੇ ਲਾਂਘੇ ਦੇ ਨਿਕਟ ਹਨ।

# ਸਤ੍ਰਖਅਤ, ਮਜਬਤ ਪ੍ਰਾਜੈਕਟ ਦਾ ਨਿਰਮਾਣ

ਪਿਛਲੇ ਚਾਰ ਸਾਲਾਂ ਤੋਂ, ਅਸੀਂ 159 ਖੁੱਲ੍ਹੇ ਸੱਦੇ ਜਾਂ ਵਰਕਸ਼ਾਪਾਂ ਰਾਹੀਂ ਪਾਈਪਲਾਈਨ ਅਤੇ ਸਮੁੰਦਰੀ ਲਾਂਘੇ ਦੇ ਨਾਲ਼ ਨਾਲ਼ ਹਜ਼ਾਰਾਂ ਵਿਅਕਤੀਆਂ ਨਾਲ ਸਲਾਹ ਮਸ਼ਵਰਾ ਕਰ ਚੁੱਕੇ ਹਾਂ, ਅਤੇ ਪ੍ਰਾਜੈਕਟ ਦੇ ਟੀਮ ਮੈਂਬਰਾਂ ਅਤੇ ਸਾਂਝੀਦਾਰ ਗਰੁੱਪਾਂ ਵਿਚਕਾਰ 1,700 ਤੋਂ ਵੱਧ ਮੀਟਿੰਗਾਂ ਕੀਤੀਆਂ ਸਨ। ਜਿਹੜਾ ਆਦਾਨ ਅਤੇ ਫ਼ੀਡਬੈਕ ਅਸੀਂ ਇਕੱਠਾ ਕੀਤਾ ਹੈ ਉਸਨੇ ਮਜ਼ਬੂਤ, ਸੁਰੱਖਿਅਤ ਅਤੇ ਵਧੇਰੇ ਜਵਾਬਦੇਹ ਪ੍ਰਾਜੈਕਟ ਦੀ ਸਿਰਜਣਾ ਕੀਤੀ ਹੈ। ਅਸੀਂ ਸਰੋਕਾਰਾਂ ਨਾਲ ਨਜਿੱਠਣ ਲਈ ਸੈਂਕੜੇ ਹੀ ਠੋਸ ਵਚਨਬੱਧਤਾਵਾਂ ਕੀਤੀਆ ਹਨ, ਅਤੇ ਨੈਸ਼ਨਲ ਐਨਰਜੀ ਬੋਰਡ ਵੱਲੋਂ ਸਿਫ਼ਾਰਸ਼ ਕੀਤੀਆਂ ਸਾਰੀਆਂ ਸ਼ਰਤਾਂ ਸਾਡੇ ਲਈ ਪੂਰੀਆਂ ਕਰਨੀਆਂ ਜ਼ਰੂਰੀ ਹਨ।


ਵਾਤਾਵਰਨ ਉੱਪਰ ਸੰਭਾਵੀ ਅਸਰਾਂ ਦੀ ਪਛਾਣ ਕਰਨ ਅਤੇ ਖ਼ਤਰਿਆਂ ਨੂੰ ਘਟਾਉਣ ਲਈ ਚੁੱਕੇ ਜਾਣ ਵਾਲੇ ਕਦਮਾਂ ਅਤੇ ਵਾਤਾਵਰਨਕ ਪ੍ਰਬੰਧਾਂ ਵਿੱਚ ਸੁਧਾਰ ਕਰਨ ਲਈ ਮਹੱਤਵਪੂਰਨ ਕੰਮ ਕੀਤਾ ਗਿਆ ਹੈ। ਫ਼ੀਡਬੈਕ ਅਤੇ ਸਰੋਕਾਰਾਂ ਦੇ ਜਵਾਬ ਵਿੱਚ ਅਤੇ ਸਮੇਤ ਸੇਮ ਵਾਲੇ ਖੇਤਰਾਂ, ਪਾਰਕਾਂ, ਵਾਤਾਵਰਨਕ ਤੌਰ 'ਤੇ ਸੰਵੇਦਨਸ਼ੀਲ ਖੇਤਰਾਂ ਅਤੇ ਮੱਛੀਆਂ ਦੀ ਭਰਮਾਰ ਵਾਲੇ ਦਰਿਆਵਾਂ ਨੂੰ ਪਾਰ ਕਰਨ ਵਾਲੀਆਂ 22 ਥਾਵਾਂ ਤੋਂ ਦੂਰ ਰਹਿਣ ਲਈ ਪਾਈਪਲਾਈਨ ਦੇ ਰਸਤੇ ਨੂੰ ਬਦਲ ਕੇ ਅਸੀਂ ਪ੍ਰਾਜੈਕਟ ਨੂੰ ਸੁਯੋਗ ਬਣਾਇਆ ਹੈ। ਅਸੀਂ ਸੁਰੱਖਿਆ ਸੰਬੰਧੀ ਤਬਦੀਲੀਆਂ ਵੀ ਕੀਤੀਆਂ ਹਨ ਜਿਵੇਂ ਕਿ ਆਈਸੋਲੇਸ਼ਨ ਵਾਲਵਾਂ ਦੀ ਗਿਣਤੀ 96 ਤੋਂ ਵਧਾ ਕੇ 126 ਕਰਨੀ, ਜਿਸ ਦੇ ਨਤੀਜੇ ਵਜੋਂ ਤੇਲ ਡੁੱਲਣ ਦੀ ਸੰਭਾਵੀ ਮਾਤਰਾ ਵਿੱਚ ਮਹੱਤਵਪੂਰਨ ਕਮੀ ਹੋਵੇਗੀ, ਅਤੇ ਵਧੇਰੇ ਖ਼ਤਰਨਾਕ ਪਰਿਣਾਮਾਂ ਵਾਲੇ ਖੇਤਰਾਂ ਵਿੱਚ ਪਾਈਪਲਾਈਨ ਦੀ ਮੋਟਾਈ ਵਧਾਉਣੀ, ਜਿਵੇਂ ਕਿ ਸ਼ਹਿਰੀ ਸਥਾਨ ਅਤੇ ਦਰਿਆ ਪਾਰ ਕਰਨ ਵਾਲੀਆਂ ਥਾਵਾਂ 'ਤੇ।

ਮੌਜੂਦਾ ਯੋਜਨਾਵਾਂ ਅਨੁਸਾਰ ਪ੍ਰਾਜੈਕਟ ਬਣਾ ਕੇ ਅਤੇ ਕੰਪਨੀ ਦਾ ਧਿਆਨ ਪ੍ਰਾਜੈਕਟ ਨੂੰ ਚਲਾਉਣ, ਪ੍ਰਬੰਧ ਕਰਨ ਅਤੇ ਪਾਈਪਲਾਈਨ ਪ੍ਰਣਾਲੀ ਦੀ ਅਖੰਡਤਾ ਨੂੰ ਸੁਰੱਖਿਅਤ ਰੱਖਣ ਲਈ, ਅਸੀਂ ਐਮਰਜੈਂਸੀ ਪ੍ਰਬੰਧਨ ਪ੍ਰੋਗਰਾਮ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹਾਂ। ਜੇ ਸਾਡਾ ਪ੍ਰਾਜੈਕਟ ਸ਼ੁਰੂ ਹੋ ਜਾਂਦਾ ਹੈ, ਟੈਂਕਰ ਰੂਟ ਦੇ ਨਾਲ਼ ਨਾਲ਼ ਨਵੇਂ ਰਿਸਪਾਂਸ ਬੇਸ ਸਿਰਜਣ ਅਤੇ ਨਵੇਂ ਸਾਜ਼ੋ-ਸਾਮਾਨ ਵਾਸਤੇ ਫ਼ੰਡ ਦੇਣ ਲਈ ਵੈਸਟਰਨ ਕੈਨੇਡਾ ਮਰੀਨ ਰਿਸਪਾਂਸ ਕਾਰਪੋਰੇਸ਼ਨ (WCMRC) ਵਿੱਚ $150 ਮਿਲੀਅਨ ਦਾ ਨਿਵੇਸ਼ ਕੀਤਾ ਜਾਵੇਗਾ। ਇਹ ਪ੍ਰਤੀਕਿਰਿਆ ਦੇ ਸਮੇਂ ਲਈ ਯੋਜਨਾਬੰਦੀ ਪੱਧਰਾਂ ਨੂੰ ਅੱਧਾ ਕਰ ਦੇਵੇਗਾ ਅਤੇ ਪ੍ਰਤੀਕਿਰਿਆ ਸਮਰੱਥਤਾਵਾਂ ਵਿੱਚ ਵਾਧਾ ਕਰੇਗਾ।



# ਟਰਾਂਸ ਮਾਊਂਟੇਨ ਕਿਉਂ?

ਪਰਸਤਾਵਤ ਟਰਾਂਸ ਮਾਉਂਟੇਨ ਐਕਸਪੈਨਸ਼ਨ ਪ੍ਰਾਜੈਕਟ, ਪਹਿਲਾਂ ਤੋਂ ਮੌਜੂਦ ਪ੍ਰਣਾਲੀ ਦਾ ਇਸ ਤਰ੍ਹਾਂ ਵਿਸਤਾਰ ਕਰਨਾ ਹੈ ਜੋ ਵਾਤਾਵਰਨ 'ਤੇ ਅਸਰ ਘਟਾਉਂਦਾ, ਸਮਾਜਿਕ ਅਸਰਾਂ ਨੂੰ ਸੁਲਝਾਉਂਦਾ ਅਤੇ ਸਾਰੇ ਕੈਨੇਡੀਅਨਾਂ ਨੂੰ ਬੇਹੱਦ ਆਰਥਿਕ ਫ਼ਾਇਦੇ ਅਤੇ ਮੌਕੇ ਪਰਦਾਨ ਕਰਦਾ ਹੋਇਆ, ਕੈਨੇਡਾ ਲਈ ਆਪਣੇ ਸਰੋਤਾਂ ਵਾਸਤੇ ਦੁਨੀਆਂ ਦੀਆਂ ਮੰਡੀਆਂ ਵਿੱਚ ਪਹੁੰਚ ਕਰਨ ਦਾ ਮੌਕਾ ਹੈ। ਸਾਨੂੰ ਕੰਮ ਕਰਨ ਦੇ ਸਾਰਥਕ ਸੰਬੰਧਾਂ ਅਤੇ ਸੁਰੱਖਿਅਤ ਅਤੇ ਭਰੋਸੇਯੋਗ ਵਚਨਬੱਧਤਾ ਦੇ ਪ੍ਰਗਟਾਵੇ ਦੇ ਆਪਣੇ 60 ਸਾਲਾਂ ਦੇ ਇਤਿਹਾਸ ਉਪਰ ਮਾਣ ਹੈ।




**ਸਾਡੇ ਨਾਲ ਸੰਪਰਕ ਕਰੋ:**

**Trans Mountain Expansion Project**

info@transmountain.com

1.866.514.6700

transmountain.com

@TransMtn

youtube.com/transmtn

soundcloud.com/transmountain

2844 Bainbridge Avenue,
PO Box 84028, Bainbridge,
Burnaby, BC, V5A 4T9 CANADA


KINDER MORGAN CANADA

ਮੁੜ ਵਰਤੋਂ ਵਿੱਚ ਲਿਆਂਦੇ ਪੇਪਰ ਉੱਪਰ ਛਾਪਿਆ ਗਿਆ